media release

ਤੁਰੰਤ ਰਿਲੀਜ ਲਈ

# ਐਮਰਜੈਂਸੀ ਪ੍ਰੀਪੇਅਰਡਨੈਸ ਵੀਕ ਸ਼ਨੀਵਾਰ ਨੂੰ ਸ਼ੁਰੂ ਹੋਵੇਗਾ

***ਲਾਈਟਹਾਊਸ ਪ੍ਰੋਗਰਾਮ ਸ਼ੁਰੂ ਹੋਵੇਗਾ ਅਤੇ ਗੁਰਦਵਾਰਾ ਓਪਨ ਹਾਊਸ ਦੀ ਮੇਜਬਾਨੀ ਕਰੇਗਾ***

ਬ੍ਰੈਂਪਟਨ, ਓਨਟੈਰੀਓ (29 ਅਪ੍ਰੈਲ, 2019) – ਇਸ ਸਾਲ ਦੇ ਐਮਰਜੈਂਸੀ ਪ੍ਰੀਪੇਅਰਡਨੈਸ ਵੀਕ (Emergency Preparedness Week) (5-11 ਮਈ) ਵਿੱਚ, ਸਿਟੀ ਆਪਣੇ ਲਾਈਟਹਾਊਸ ਪ੍ਰੋਗਰਾਮ (Lighthouse Program) ਦੀ ਸ਼ੁਰੂਆਤ ਕਰੇਗੀ। ਇਹ ਇੱਕ ਨਵੀਂ ਪਹਿਲਕਦਮੀ ਹੈ, ਜਿੱਥੇ ਭਾਗੀਦਾਰ ਧਾਰਮਿਕ ਸੰਗਠਨ ਆਪਣੀਆਂ ਫੈਸਿਲਿਟੀਜ ਨੂੰ ਪੂਰੇ ਸ਼ਹਿਰ ਵਿੱਚ ਐਮਰਜੈਂਸੀ ਦੀ ਸਥਿਤੀ ਵਿੱਚ ਪਨਾਹ ਲੈਣ ਦੀਆਂ ਥਾਵਾਂ ਦੇ ਤੌਰ ਤੇ ਪੇਸ਼ ਕਰਨਗੇ।

ਸਿਟੀ ਦਾ ਉਦੇਸ਼ ਹੈ, “ਲਾਈਟਹਾਊਸਾਂ” ਦਾ ਇੱਕ ਨੈੱਟਵਰਕ ਬਣਾਉਣਾ – ਜਿਸ ਤੱਕ ਭਾਈਚਾਰੇ ਦੇ ਸਾਰੇ ਮੈਂਬਰਾਂ ਦੀ ਪਹੁੰਚ ਹੋਵੇਗੀ। ਭਾਵੇਂ ਉਹਨਾਂ ਦਾ ਕੋਈ ਵੀ ਧਰਮ ਹੋਵੇ – ਤਾਂ ਜੋ ਅਜਿਹੀਆਂ ਸੁਰੱਖਿਅਤ ਥਾਵਾਂ ਦੀ ਸੰਖਿਆ ਵਧਾਈ ਜਾ ਸਕੇ, ਜਿੱਥੇ ਨਿਵਾਸੀ ਕਿਸੇ ਵੱਡੀ ਐਮਰਜੈਂਸੀ ਸਥਿਤੀ ਵਿੱਚ ਜਾ ਸਕਣ।

ਐਮਰਜੈਂਸੀ ਪ੍ਰੀਪੇਅਰਡਨੈਸ ਵੀਕ ਦੇ ਦੌਰਾਨ, ਲਾਈਟਹਾਊਸ ਵਿਖੇ ਓਪਨ ਹਾਊਸ ਡੋਰ ਕਾਰਜਕਰਮ ਆਯੋਜਿਤ ਕੀਤੇ ਜਾਣਗੇ। ਇਹ ਕਾਰਜਕਰਮ ਬ੍ਰੈਂਪਟਨ ਵਾਸੀਆਂ ਨੂੰ ਫੈਸਿਲਿਟੀ ਵਿੱਚ ਜਾਣ ਅਤੇ ਪ੍ਰੋਗਰਾਮ ਅਤੇ ਇਸਦੇ ਫ਼ਾਇਦਿਆਂ ਦੇ ਬਾਰੇ ਹੋਰ ਜਾਣਨ ਦਾ ਮੌਕਾ ਦੇਣਗੇ। 6 ਤੋਂ 11 ਮਈ ਤੱਕ, ਦੁਪਹਿਰ ਤੋਂ ਲੈ ਕੇ ਸ਼ਾਮ 5 ਵਜੇ ਤੱਕ 79 ਬ੍ਰੈਮਸਟੀਲ ਰੋਡ (79 Bramsteele Road) ਵਿਖੇ ਗੁਰਦੁਆਰਾ ਬਾਬਾ ਨਾਨਕ (Gurdwara Baba Nanak) ਵਿੱਚ ਆਉਣ ਲਈ ਸਾਰਿਆਂ ਦਾ ਸੁਆਗਤ ਹੈ।

ਲਾਈਟਹਾਊਸ ਪ੍ਰੋਗਰਾਮ, ਬ੍ਰੈਂਪਟਨ ਦੀ ਐਮਰਜੈਂਸੀ ਵਾਸਤੇ ਤਿਆਰੀ ਅਤੇ ਪ੍ਰਤੀਕਿਰਿਆ ਵਿਧੀ ਨੂੰ ਵਧਾਵੇਗਾ, ਖਾਸ ਕਰਕੇ ਕੁਦਰਤੀ ਸੰਕਟਾਂ ਦੇ ਸਮੇਂ, ਜਿਵੇਂ ਜਦੋਂ ਹੜ੍ਹ ਅਤੇ ਤੂਫਾਨ ਦਾ ਜ਼ੋਰ ਹੋਵੇ।

ਹੁਣ ਤੱਕ, ਬ੍ਰੈਂਪਟਨ ਵਿੱਚ ਤਿੰਨ ਧਾਰਮਿਕ ਫੈਸਿਲਿਟੀਜ ਲਾਈਟਹਾਊਸ ਪ੍ਰੋਗਰਾਮ ਵਿੱਚ ਆਪਣੀ ਭਾਗੀਦਾਰੀ ਨੂੰ ਅੰਤਿਮ ਰੂਪ ਦੇ ਰਹੀਆਂ ਹਨ। ਸ਼ਹਿਰ ਵਿੱਚ ਲਗਭਗ 90 ਧਾਰਮਿਕ ਫੈਸਿਲਿਟੀਜ ਹਨ। ਇਹਨਾਂ ਸਾਰੀਆਂ ਫੈਸਿਲਿਟੀਜ ਦਾ ਲਾਈਟਹਾਊਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਸੁਆਗਤ ਹੈ। ਉਹ ਸਿਟੀ ਆਫ ਬ੍ਰੈਂਪਟਨ ਦੀ ਲਾਈਟਹਾਊਸ ਪ੍ਰੋਗਰਾਮ ਟੀਮ ਨੂੰ ਸੰਪਰਕ ਕਰਕੇ ਅਜਿਹਾ ਕਰ ਸਕਦੀਆਂ ਹਨ।

ਐਮਰਜੈਂਸੀ ਪ੍ਰੀਪੇਅਰਡਨੈਸ ਵੀਕ ਲਈ, ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਇੱਕ ਸ਼ੁਰੂਆਤੀ ਕਾਰਜਕਰਮ ਦਾ ਆਯੋਜਨ ਕਰ ਰਿਹਾ ਹੈ, ਜੋ ਸ਼ਨੀਵਾਰ, 4 ਮਈ ਨੂੰ ਬ੍ਰੈਮਲੀ ਸਿਟੀ ਸੈਂਟਰ (Bramalea City Centre) ਵਿੱਚ ਹੋਵੇਗਾ ਅਤੇ ਇਸ ਤੋਂ ਬਾਅਦ ਪੂਰਾ ਹਫ਼ਤਾ ਬ੍ਰੈਂਪਟਨ ਵਿੱਚ ਹੋਰ ਕਈ ਥਾਵਾਂ ਤੇ ਜਨਤਕ ਜਾਣਕਾਰੀ ਬੂਥ ਲਾਵੇਗਾ।

ਐਮਰਜੈਂਸੀ ਪ੍ਰੀਪੇਅਰਡਨੈਸ ਵੀਕ ਦੇ ਦੌਰਾਨ ਭਾਈਚਾਰਕ ਗਤੀਵਿਧੀਆਂ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਇਸ ਲਿੰਕ (this link) ਤੇ ਜਾਓ। ਲਾਈਟਹਾਊਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ brampton.ca/lighthouseprogram ਤੇ ਜਾਓ।

**ਹਵਾਲੇ**

“ਲਾਈਟਹਾਊਸ ਪ੍ਰੋਗਰਾਮ ਇੱਕ ਪ੍ਰੇਰਿਤ ਉਦਾਹਰਨ ਹੈ, ਜੋ ਦਿਖਾਉਂਦਾ ਹੈ ਕਿ ਕਿਵੇਂ ਬ੍ਰੈਂਪਟਨ ਵਿੱਚ ਧਾਰਮਿਕ ਸੰਗਠਨ ਐਮਰਜੈਂਸੀ ਦੀਆਂ ਸਥਿਤੀਆਂ ਦੇ ਦੌਰਾਨ ਭਾਈਚਾਰੇ ਦੇ ਸਾਰੇ ਮੈਂਬਰਾਂ ਦੀ ਮਦਦ ਲਈ ਇੱਕ ਹੋ ਜਾਂਦੇ ਹਨ। ਬ੍ਰੈਂਪਟਨ ਧਰਮਾਂ ਅਤੇ ਸੱਭਿਆਚਾਰਾਂ ਦਾ ਮੋਜ਼ੈਕ ਹੈ। ਸਿਟੀ ਦੀ ਸੁਰੱਖਿਆ ਅਤੇ ਸਿਹਤ

BRAMPTON Flower City
brampton.ca

media release

ਵਿੱਚ ਇਹਨਾਂ ਸਾਰਿਆਂ ਦੇ ਨਿਭਾਉਣ ਲਈ ਭੂਮਿਕਾ ਹੈ। ਮੈਂ ਹੋਰ ਧਾਰਮਿਕ ਸੰਗਠਨਾਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਇਸ ਮਹੱਤਵਪੂਰਨ ਭਾਈਚਾਰਕ ਪਹਿਲਕਦਮੀ ਵਿੱਚ ਸ਼ਾਮਲ ਹੋਣ। ਨਾਲ ਹੀ ਮੈਂ ਨਿਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਪ੍ਰੋਗਰਾਮ ਬਾਰੇ ਹੋਰ ਜਾਣਨ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਐਮਰਜੈਂਸੀ ਪ੍ਰੀਪੇਅਰਡਨੈਸ ਵੀਕ ਦੇ ਦੌਰਾਨ ਲਾਈਟਹਾਊਸ ਪ੍ਰੋਗਰਾਮ ਦੀ ਸ਼ੁਰੂਆਤ ਦਾ ਖਾਸ ਮਹੱਤਵ ਹੈ। ਐਮਰਜੈਂਸੀ ਸਥਿਤੀਆਂ ਕਦੇ ਵੀ ਅਤੇ ਕਿਤੇ ਵੀ ਵਾਪਰ ਸਕਦੀਆਂ ਹਨ। ਸਭ ਤੋਂ ਪਹਿਲਾਂ, ਐਮਰਜੈਂਸੀ ਵਾਸਤੇ ਤਿਆਰੀ ਸਾਡੀ ਨਿੱਜੀ ਜ਼ਿੰਮੇਵਾਰੀ ਹੈ। ਸੁਚੇਤ ਰਹੋ, ਤਿਆਰ ਰਹੋ, ਅਤੇ ਜੇਕਰ ਤੁਸੀਂ ਅਜੇ ਤੱਕ ਅਜਿਹਾ ਨਹੀਂ ਕੀਤਾ ਹੈ, ਤਾਂ ਐਮਰਜੈਂਸੀ ਵਾਸਤੇ ਤਿਆਰੀ ਦੀ ਕਿੱਟ ਲਈ ਵਸਤਾਂ ਇਕੱਠੀਆਂ ਕਰਨ ਨੂੰ ਆਪਣੀ ਤਰਜੀਹ ਬਣਾਓ।"

– *ਕਾਊਂਸਲਰ ਰੋਏਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ਼ ਸੈਕਸ਼ਨ*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca